**Sri Akal Takhat Jathedar on January 31st 2008 while talking to news reporters at Antim Ardas of Mahant Tirth Singh Goniana Mandi reported from Bathinda by Reporter Hukam Chand Sharma Published in online Ajit (Punjabi Newspaper) " Dasam Granth debate is unnecessary. Dasam granth is Sikh Panth historical literature Granth, but cannot be treated at par with Sri Guru Granth Sahib Ji, as 10th Guru Ji Sanctified ( gave Gur Gadhi) only to Guru Granth sahib Ji . Therefore, Dasam Granth Parkash Cannot be done parallel to SGGS Ji".**

**(News From daily Ajit)**

## ਸਮੂਹ ਮਸਲੇ 'ਤੇ ਵਿਚਾਰ ਲਈ ਸਿੰਘ ਸਾਹਿਬਾਨ ਦੀ ਮੀਟਿੰਗ 5 ਨੂੰ-ਜਥੇਦਾਰ ਵੇਦਾਂਤੀ

ਬਠਿੰਡਾ, 31 ਜਨਵਰੀ (ਹੁਕਮ ਚੰਦ ਸ਼ਰਮਾ)- ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਨੇ ਅੱਜ ਇਥੇ ਕਿਹਾ ਕਿ ਨਾਨਕਸ਼ਾਹੀ ਕੈਲੰਡਰ ਸੰਬੰਧੀ ਮੌਜੂਦਾ ਵਾਦ-ਵਿਵਾਦ ਮੰਦਭਾਗਾ ਹੈ, ਇਸ ਨਾਲ ਸਿੱਖਾਂ ਦੇ ਅਕਸ ਨੂੰ ਢਾਹ ਲਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਸਵ: ਸੇਵਾ ਪੰਥੀ ਮਹੰਤ ਤੀਰਥ ਸਿੰਘ ਗੋਨਿਆਣਾ ਮੰਡੀ ਦੀ ਅੰਤਿਮ ਅਰਦਾਸ ਮੌਕੇ ਸ਼ਰਧਾਂਜਲੀ ਸਮਾਗਮ ਵਿਚ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਗਿਆਨੀ ਤਿਰਲੋਚਨ ਸਿੰਘ ਦੇ ਨਾਲ ਪਹੁੰਚੇ, ਜਥੇਦਾਰ ਵੇਦਾਂਤੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਗਰ ਕਿਸੇ ਨੂੰ ਨਾਨਕਸ਼ਾਹੀ ਕੈਲੰਡਰ ਸੰਬੰਧੀ ਕੋਈ ਸ਼ੱਕ- ਸੰਦੇਹ ਜਾਂ ਭਰਮ ਭੁਲੇਖਾ ਹੈ ਤਾਂ ਉਹ ਆਪਣੇ ਵਿਚਾਰ ਲਿਖਤੀ ਰੂਪ ਵਿਚ ਦੇ ਸਕਦਾ ਹੈ। ਜਥੇਦਾਰ ਵੇਦਾਂਤੀ ਨੇ ਕਿਹਾ ਕਿ ਸਿੱਖ ਸਾਹਿਬਾਨ ਦੀ 5 ਫਰਵਰੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੀਟਿੰਗ ਸੱਦੀ ਗਈ ਹੈ, ਜਿਸ ਵਿਚ ਸਾਰੇ ਮਾਮਲੇ 'ਤੇ ਗੰਭੀਰ ਵਿਚਾਰਾਂ ਹੋਣਗੀਆਂ। ਉਨ੍ਹਾਂ ਕਿਹਾ ਕਿ ਜਥੇਦਾਰ ਤਖ਼ਤ ਸ੍ਰੀ ਪਟਨਾ ਸਾਹਿਬ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਦੂਸਰੇ ਸਿੰਘ ਸਾਹਿਬ ਨੂੰ ਤਲਬ ਕਰਨ ਦਾ ਕੋਈ ਅਧਿਕਾਰ ਨਹੀਂ। ਦਸਮ ਗ੍ਰੰਥ ਸੰਬੰਧੀ ਵਾਦ-ਵਿਵਾਦ ਨੂੰ ਬੇਲੋੜਾ ਕਰਾਰ ਦਿੰਦਿਆਂ ਜਥੇਦਾਰ ਵੇਦਾਂਤੀ ਨੇ ਕਿਹਾ ਕਿ ਇਹ ਸਿੱਖ ਪੰਥ ਦਾ ਇਤਿਹਾਸਕ ਸਾਹਿਤਕ ਗ੍ਰੰਥ ਹੈ, ਪਰ ਇਸਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਮਾਨਤਾ ਨਹੀਂ ਦਿੱਤੀ ਗਈ। ਉਨ੍ਹਾਂ ਕਿਹਾ ਕਿ ਗੁਰੂ ਗੱਦੀ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮਿਲੀ ਹੋਈ ਹੈ। ਇਸ ਲਈ ਦਸਮ ਗ੍ਰੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਪ੍ਰਕਾਸ਼ ਨਹੀਂ ਕੀਤਾ ਜਾ ਸਕਦਾ।